# ਮਰੀਜ਼ਾਂ ਅਤੇ ਮਾਪਿਆਂ ਲਈ ਟੀਕਾਕਰਨ ਰਜਿਸਟ੍ਰੀ ਨੋਟਿਸ

ਟੀਕਾਕਰਨ ਜਾਂ 'ਟੀਕੇ' ਗੰਭੀਰ ਬਿਮਾਰੀਆਂ ਤੋਂ ਬਚਾਉਂਦੇ ਹਨ। ਟੁਬਰਕੁਲੌਸਿਸ (ਟੀਬੀ) ਦੀ ਜਾਂਚ ਦੇ ਟੈਸਟ ਇਹ ਪਤਾ ਕਰਨ ਵਿੱਚ ਮਦਦ ਕਰਦੇ ਹਨ ਜੇਕਰ ਤੁਹਾਨੂੰ ਟੀਬੀ ਹੈ ਅਤੇ ਇਸ ਦੀ ਸਕੂਲ ਜਾਂ ਕੰਮ ਲਈ ਜ਼ਰੂਰਤ ਹੋ ਸਕਦੀ ਹੈ। ਤੁਹਾਡੇ ਵੱਲੋਂ ਪ੍ਰਾਪਤ ਕੀਤੇ ਟੀਕਿਆਂ/ਟੀਬੀ ਦੇ ਟੈਸਟਾਂ ਦੇ ਰਿਕਾਰਡ ਯਾਦ ਰੱਖਣਾ ਮੁਸ਼ਕਲ ਹੋ ਸਕਦਾ ਹੈ। ਜੇਕਰ ਟੀਕੇ ਇੱਕ ਤੋਂ ਵੱਧ ਡਾਕਟਰ ਵੱਲੋਂ ਲਗਾਏ ਗਏ ਹਨ, ਫਿਰ ਤਾਂ ਉਹਨਾਂ ਨੂੰ ਯਾਦ ਰੱਖਣਾ ਹੋਰ ਵੀ ਮੁਸ਼ਕਲ ਹੋ ਜਾਂਦਾ ਹੈ। ਅੱਜ ਦੇ ਸਮੇਂ ਵਿੱਚ ਡਾਕਟਰ ਲਗਾਏ ਗਏ ਟੀਕਿਆਂ ਅਤੇ ਕੀਤੇ ਗਏ ਟੀਬੀ ਦੇ ਟੈਸਟਾਂ ਦਾ ਰਿਕਾਰਡ ਰੱਖਣ ਲਈ ਇੱਕ ਸੁਰੱਖਿਅਤ ਕੰਪਿਊਟਰ ਪ੍ਰਣਾਲੀ ਦੀ ਵਰਤੋਂ ਕਰਦੇ ਹਨ ਜਿਸ ਨੂੰ ਟੀਕਾਕਰਨ ਰਜਿਸਟ੍ਰੀ ਕਿਹਾ ਜਾਂਦਾ ਹੈ। ਜੇਕਰ ਤੁਸੀਂ ਡਾਕਟਰ ਬਦਲਦੇ ਹੋ, ਤਾਂ ਤੁਹਾਡਾ ਨਵਾਂ ਡਾਕਟਰ ਟੀਕੇ/ਟੀਬੀ ਦੇ ਟੈਸਟ ਨੂੰ ਦੇਖਣ ਲਈ ਰਜਿਸਟ੍ਰੀ ਦੀ ਵਰਤੋਂ ਕਰ ਸਕਦਾ/ਸਕਦੀ ਹੈ। ਇਸ ਨੂੰ ਸੀਮਿਤ ਕਰਨਾ ਤੁਹਾਡਾ ਅਧਿਕਾਰ ਹੈ ਕਿ ਕੈਲੀਫੋਰਨੀਆ ਟੀਕਾਕਰਨ ਰਜਿਸਟ੍ਰੀ (CAIR) ਵਿੱਚ ਤੁਹਾਡੇ ਰਿਕਾਰਡ ਕੌਣ ਦੇਖ ਸਕਦਾ ਹੈ।

### ਰਜਿਸਟ੍ਰੀ ਤੁਹਾਡੀ ਮਦਦ ਕਿਵੇਂ ਕਰਦੀ ਹੈ?

- ਸਾਰੇ ਟੀਕਿਆਂ ਅਤੇ ਟੀਬੀ ਦੇ ਟੈਸਟਾਂ (ਚਮੜੀ ਦੇ ਟੈਸਟਾਂ/ਛਾਤੀ ਦੇ ਐਕਸ-ਰੇ) ਦਾ ਟ੍ਰੈਕ ਰੱਖਦੀ ਹੈ, ਤਾਂ ਜੋ ਤੁਸੀਂ ਕੋਈ ਟੀਕਾ ਲਗਵਾਉਣਾ ਭੁੱਲ ਨਾ ਜਾਓ ਜਾਂ ਜਿਆਦਾ ਨਾ ਲਗਵਾ ਬੈਠੋ
- ਤੁਹਾਨੂੰ ਜਾਂ ਤੁਹਾਡੇ ਬੱਚੇ ਨੂੰ ਟੀਕੇ ਦੀ ਲੋੜ ਹੋਣ 'ਤੇ ਤੁਹਾਨੂੰ ਸੁਨੇਹਾ ਦੇ ਕੇ ਯਾਦ ਦਵਾਉਂਦੀ ਹੈ
- ਤੁਹਾਨੂੰ ਡਾਕਟਰ ਵੱਲੋਂ ਟੀਕੇ/ਟੀਬੀ ਦੇ ਰਿਕਾਰਡ ਦੀ ਕਾਪੀ ਦਿੰਦੀ ਹੈ
- ਬਾਲ ਦੇਖਭਾਲ, ਸਕੂਲ, ਜਾਂ ਕੋਈ ਨਵੀਂ ਨੌਕਰੀ ਸ਼ੁਰੂ ਕਰਨ ਲਈ ਲੁੜੀਂਦੇ ਟੀਕਿਆਂ/ਟੀਬੀ ਦੇ ਟੈਸਟਾਂ ਦਾ ਸਬੂਤ ਦਿਖਾ ਸਕਦੀ ਹੈ

### ਰਜਿਸਟ੍ਰੀ ਤੁਹਾਡੀ ਸਿਹਤ ਦੇਖਭਾਲ ਟੀਮ ਦੀ ਮਦਦ ਕਿਵੇਂ ਕਰਦੀ ਹੈ?

ਡਾਕਟਰ, ਨਰਸਾਂ, ਸਿਹਤ ਯੋਜਨਾਵਾਂ, ਅਤੇ ਪਬਲਿਕ ਸਿਹਤ ਏਜੰਸੀਆਂ ਵੱਲੋਂ ਰਜਿਸਟ੍ਰੀ ਦੀ ਵਰਤੋਂ ਹੇਠ ਲਿਖੇ ਕੰਮ ਕਰਨ ਲਈ ਕੀਤੀ ਜਾਂਦੀ ਹੈ:

- ਦੇਖਣਾ ਕਿ ਕਿਹੜੇ ਟੀਕਿਆਂ/ਟੀਬੀ ਦੇ ਟੈਸਟਾਂ ਦੀ ਲੋੜ ਹੈ
- ਲਿੱਤੇ ਜਾਣ ਵਾਲੇ ਟੀਕਿਆਂ ਬਾਰੇ ਤੁਹਾਨੂੰ ਯਾਦ ਦਵਾਉਣਾ
- ਤਹਾਡੇ ਭਾਈਚਾਰੇ ਵਿੱਚ ਬਿਮਾਰੀ ਨੂੰ ਫੈਲਣ ਤੋਂ ਬਚਾਉਣਾ
- ਰਿਕਾਰਡ ਨੂੰ ਟ੍ਰੈਕ ਕਰਨ ਵਿੱਚ ਮਦਦ ਕਰਨਾ

### ਕੀ ਸਕੂਲ ਜਾਂ ਹੋਰ ਪ੍ਰੋਗਰਾਮ ਰਜਿਸਟ੍ਰੀ ਨੂੰ ਦੇਖ ਸਕਦੇ ਹਨ?

ਹਾਂ, ਪਰ ਇਹ ਸੀਮਿਤ ਹੈ। ਸਕੂਲਾਂ, ਬਾਲ ਦੇਖਭਾਲ, ਅਤੇ ਕੈਲੀਫੋਰਨੀਆ ਦੇ ਕਨੂੰਨ ਦੇ ਹੇਠ ਆਉਣ ਵਾਲੀਆਂ ਹੋਰਨਾਂ ਏਜੰਸੀਆਂ ਵੱਲੋਂ ਇਹ ਕੰਮ ਕੀਤੇ ਜਾ ਸਕਦੇ ਹਨ:

- ਦੇਖਣਾ ਕਿ ਬੱਚਿਆਂ ਨੂੰ ਕਿਹੜੇ ਟੀਕਿਆਂ/ਟੀਬੀ ਦੇ ਟੈਸਟਾਂ ਦੀ ਜ਼ਰੂਰਤ ਹੈ
- ਯਕੀਨੀ ਬਣਾਉਣਾ ਕਿ ਬੱਚੇ ਬਾਲ ਦੇਖਭਾਲ ਜਾਂ ਸਕੂਲ ਨੂੰ ਸ਼ੁਰੂ ਕਰਨ ਲਈ ਲੋੜੀਂਦੇ ਟੀਕਿਆਂ ਅਤੇ ਟੀਬੀ ਦੇ ਟੈਸਟਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਦੇ ਹਨ

### ਰਜਿਸਟ੍ਰੀ ਵਿੱਚ ਕਿਹੜੀ ਜਾਣਕਾਰੀ ਸਾਂਝੀ ਕੀਤੀ ਜਾ ਸਕਦੀ ਹੈ?

- ਮਰੀਜ਼ ਦਾ ਨਾਮ, ਲਿੰਗ, ਅਤੇ ਜਨਮ ਤਰੀਕ
- ਮਾਪਿਆਂ ਜਾਂ ਸਰਪ੍ਰਸਤਾਂ ਦੇ ਨਾਮ
- ਮਰੀਜ਼ਾਂ ਦੀ ਪਛਾਣ ਕਰਨ ਲਈ ਸੀਮਿਤ ਜਾਣਕਾਰੀ
- ਮਰੀਜ਼ ਨੂੰ ਲੱਗੇ ਟੀਕਿਆਂ/ਟੀਬੀ ਦੇ ਟੈਸਟਾਂ ਜਾਂ ਮੈਡੀਕਲ ਛੋਟਾਂ ਦੇ ਵੇਰਵੇ

ਰਜਿਸਟ੍ਰੀ ਵਿੱਚ ਦਰਜ ਕੀਤੀ ਜਾਣ ਵਾਲੀ ਜਾਣਕਾਰੀ ਨੂੰ ਦੂਸਰੀ ਗੁਪਤ ਮੈਡੀਕਲ ਜਾਣਕਾਰੀ ਵਾਂਗ ਰੱਖਿਆ ਜਾਂਦਾ ਹੈ। ਰਜਿਸਟ੍ਰੀ ਦੀ ਦੁਰਵਰਤੋਂ ਕਰਨ 'ਤੇ ਕਨੂੰਨ ਵੱਲੋਂ ਸਜ਼ਾ ਹੋ ਸਕਦੀ ਹੈ। ਕੈਲੀਫੋਰਨੀਆ ਦੇ ਕਨੂੰਨ ਦੇ ਤਹਿਤ, ਕੇਵਲ ਤੁਹਾਡੇ ਡਾਕਟਰ ਦਾ ਦਫ਼ਤਰ, ਸਿਹਤ ਯੋਜਨਾ, ਜਾਂ ਪਬਲਿਕ ਸਿਹਤ ਵਿਭਾਗ ਵੱਲੋਂ ਤੁਹਾਡੇ ਪਤੇ ਅਤੇ ਫੋਨ ਨੰਬਰ ਨੂੰ ਦੇਖਿਆ ਜਾ ਸਕਦਾ ਹੈ। ਸਿਹਤ ਅਧਿਕਾਰੀ ਵੀ ਪਬਲਿਕ ਸਿਹਤ ਦੀ ਰੱਖਿਆ ਕਰਨ ਲਈ ਰਜਿਸਟ੍ਰੀ ਨੂੰ ਦੇਖ ਸਕਦੇ ਹਨ।

### ਮਰੀਜ਼ ਅਤੇ ਮਾਪਿਆਂ ਦੇ ਅਧਿਕਾਰ

ਆਪਣੇ ਪ੍ਰਦਾਤਾ ਨੂੰ ਹੇਠ ਲਿਖੀਆਂ ਗੱਲਾਂ ਪੁੱਛਣਾ ਤੁਹਾਡਾ ਕਨੂੰਨੀ ਅਧਿਕਾਰ ਹੈ:

- ਤੁਹਾਡੇ (ਜਾਂ ਤੁਹਾਡੇ ਬੱਚੇ ਦੇ) ਰਜਿਸਟ੍ਰੀ ਰਿਕਾਰਡਾਂ ਤੱਕ ਹੋਰ ਪ੍ਰਦਾਤਿਆਂ ਅਤੇ ਸਕੂਲਾਂ ਵੱਲੋਂ ਪਹੁੰਚ ਬਣਾਉਣ ਤੋਂ ਰੋਕਣਾ

- ਟੀਕਾ ਲਗਵਾਉਣ ਸੰਬੰਧੀ ਅਪੁਾਇੰਟਮੈਂਟ ਦੀ ਯਾਦ ਦਵਾਉਣ ਲਈ ਸੁਨੇਹੇ ਨਾ ਭੇਜਣਾ
- ਤੁਹਾਡੇ ਜਾਂ ਤੁਹਾਡੇ ਬੱਚੇ ਦੇ ਟੀਕੇ/ਟੀਬੀ ਦੇ ਟੈਸਟ ਦੇ ਰਿਕਾਰਡਾਂ ਦੀ ਕਾਪੀ ਮੰਗਣਾ
- ਪੁੱਛਣਾ ਕਿ ਰਿਕਾਰਡ ਕਿਸ ਨੇ ਦੇਖੇ ਹਨ ਅਤੇ ਕਿਸੇ ਗਲਤੀ ਵਿੱਚ ਸੋਧ ਕਰਨਾ

**CAIR ਦਾ ਹਿੱਸਾ ਬਣਨ ਲਈ ਕਿਸੇ ਕਾਰਵਾਈ ਦੀ ਲੋੜ ਨਹੀਂ। ਹੋਰ CAIR ਪ੍ਰਦਾਤਿਆਂ, ਸਕੂਲਾਂ, ਅਤੇ ਸਿਹਤ ਅਧਿਕਾਰੀਆਂ ਕੋਲ ਆਪਣੇ ਆਪ ਹੀ ਤੁਹਾਡੇ ਬੱਚੇ ਦੇ ਰਿਕਾਰਡਾਂ ਤੱਕ ਪਹੁੰਚ ਹੁੰਦੀ ਹੈ।**

**ਜੇਕਰ ਤੁਸੀਂ ਤੁਹਾਡੇ ਬੱਚੇ ਦੇ ਰਿਕਾਰਡਾਂ ਨੂੰ ਦੇਖਣ ਵਾਲੇ ਲੋਕਾਂ ਨੂੰ ਸੀਮਿਤ ਕਰਨਾ ਚਾਹੁੰਦੇ ਹੋ:**

1. ਆਪਣੇ ਪ੍ਰਦਾਤਾ ਕੋਲੋਂ ਪਤਾ ਕਰੋ ਜੇਕਰ ਉਹ ਤੁਹਾਡੇ ਰਿਕਾਰਡਾਂ ਨੂੰ CAIR ਵਿੱਚ ਲੌਕ ਕਰ ਸਕਦੇ ਹਨ
2. ਜੇਕਰ ਤੁਹਾਡਾ ਪ੍ਰਦਾਤਾ ਨਹੀਂ ਕਰ ਸਕਦਾ, ਤਾਂ ਆਪਣੇ ਆਪ CAIRweb.org/cair-forms 'ਤੇ ਜਾ ਕੇ Request to Lock My CAIR Record (ਮੇਰੇ CAIR ਰਿਕਾਰਡ ਨੂੰ ਲੌਕ ਕਰਨ ਲਈ ਬੇਨਤੀ) ਫਾਰਮ ਨੂੰ ਪੂਰਾ ਕਰੋ।
3. ਜੇਕਰ ਤੁਸੀਂ ਆਪਣਾ ਮਨ ਬਦਲ ਲੈਂਦੇ ਹੋ, ਤਾਂ Request to Unlock My CAIR Record (ਮੇਰੇ CAIR ਰਿਕਾਰਡ ਨੂੰ ਅਨਲੌਕ ਕਰਨ ਲਈ ਬੇਨਤੀ) ਫਾਰਮ ਨੂੰ ਪੂਰਾ ਕਰੋ।
4. ਪ੍ਰਿੰਟ ਕੀਤੇ ਫਾਰਮ 1-888-436-8320 'ਤੇ ਫੈਕਸ ਕਰੋ, ਜਾਂ ਉਹਨਾਂ ਨੂੰ CAIRHelpDesk@cdph.ca.gov 'ਤੇ ਈਮੇਲ ਕਰੋ।

**ਵਧੇਰੀ ਜਾਣਕਾਰੀ ਲਈ, CAIR ਹੈਲਪ ਡੈਸਕ ਨਾਲ 800-578-7889 ਜਾਂ CAIRHelpDesk@cdph.ca.gov 'ਤੇ ਸੰਪਰਕ ਕਰੋ**